THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀ.ਐਸ.ਬੀ.ਆਈ.ਟੀ/2017/ 1789 ਮਿਤੀ 31.8.17

ਸੇਵਾ ਵਿਖੇ

1. ਪ੍ਰਿੰਸੀਪਲ,
ਸਾਰੀਆਂ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ
ਅਤੇ ਫਾਰਮੇਸੀ ਸੰਸਥਾਵਾਂ, ਪੰਜਾਬ ਅਤੇ ਚੰਡੀਗੜ੍ਹ।
2. ਪ੍ਰਿੰਸੀਪਲ,
ਸਾਰੀਆਂ ਸਰਕਾਰੀ/ਗੈਰ ਸਰਕਾਰੀ
ਉਦਯੋਗਿਕ ਸਿਖਲਾਈ ਸੰਸਥਾਵਾਂ ਪੰਜਾਬ।

ਵਿਸ਼ਾ: **ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਚੰਡੀਗੜ੍ਹ ਅਧੀਨ ਚਲ ਰਹੀਆਂ ਸੰਸਥਾਵਾਂ ਦੇ ਸਿਖਿਆਰਥੀਆਂ ਦੀ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਜਲੰਧਰ, ਕਪੂਰਥਲਾ ਵਿਜਿਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧੀ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾ ਦੇ ਪਹਿਲੇ ਸਾਲ ਵਿੱਚ ਦਾਖਲ ਹੋਏ ਸਿਖਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਜਲੰਧਰ, ਕਪੂਰਥਲਾ ਦੀ ਵਿਜਿਟ ਕਰਵਾਈ ਜਾਵੇ। ਯੋਗ ਹੋਵੇਗਾ ਕਿ ਸਾਇੰਸ ਸਿਟੀ ਦੀ ਵਿਜਿਟ ਵਿਦਿਆਰਥੀਆਂ ਦੇ ਇੰਡਸਟਰੀਅਲ ਟੂਰ ਅਧੀਨ ਹੀ ਕਰਵਾਈ ਜਾਵੇ। ਵਿਜਿਟ ਕਰਨ ਤੋਂ ਪਹਿਲਾਂ ਸਾਇੰਸ ਸਿਟੀ ਨਾਲ ਸੰਪਰਕ ਕੀਤਾ ਜਾਵੇ। ਸਾਇੰਸ ਸਿਟੀ ਦੀ ਪੈਕਿਜ ਟਿਕਟ ਵਿਦਿਆਰਥੀਆਂ ਲਈ 190 ਰੁਪਏ ਹੋਵੇਗੀ। ਜੇਕਰ 25 ਵਿਦਿਆਰਥੀਆਂ ਦਾ ਕੋਈ ਗਰੁੱਪ ਜਾਂਦਾ ਹੈ ਤਾਂ ਟਿਕਟ 180 ਰੁਪਏ ਪ੍ਰਤੀ ਵਿਦਿਆਰਥੀ ਲੱਗੇਗੀ ਅਤੇ 25 ਵਿਦਿਆਰਥੀਆਂ ਨਾਲ ਅਧਿਆਪਕ ਦੀ ਇਕ ਟਿਕਟ ਤੇ ਛੋਟ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵਿਜਿਟ ਕਰਨ ਵਾਲੇ ਸਿਖਿਆਰਥੀਆਂ ਦੀ ਵਿਜਿਟ ਰਿਪੋਰਟ ਬੋਰਡ ਦਫਤਰ ਵਿਖੇ ਭੇਜਣਾ ਵੀ ਯਕੀਨੀ ਬਣਾਇਆ ਜਾਵੇ।

31/8/17

ਡਾਇਰੈਕਟਰ ਅਕੈਡੀਮਕ

31/8/2017

PUSHPA GUJRAL
SCIENCE CITY
(A JOINT PROJECT OF GOVT. OF INDIA & PUNJAB GOVT.)

Jalandhar - Kapurthala Road,
Kapurthala (Punjab) - 144601
Phones : 91-1822-501963-64
Fax : 91-1822-501966
E-mail : sciencecity@hotmail.com
Website : www.pgsciencecity.org

Ref. No. PGSC/ 526 Date : 23-8-2017

ਡਾਇਰੈਕਟਰ ਅਕੈਡਮਿਕ
ਪੰਜਾਬ ਸਟੇਟ ਬੋਰਡ ਆਫ਼ ਟੈਕਨੀਕਲ
ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ
ਸੈਕਟਰ 36 ਏ ਚੰਡੀਗੜ੍ਹ।

ਵਿਸ਼ਾ: ਪੰਜਾਬ ਰਾਜ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਚੰਡੀਗੜ੍ਹ ਅਧੀਨ ਚਲ ਰਹੀਆਂ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਸਾਇੰਸ ਸਿਟੀ ਵਿਜ਼ਿਟ ਲਈ ਐਂਟਰੀ ਫ਼ੀਸ ਵਿਚ ਰਿਆਇਤ ਕਰਨ ਸਬੰਧੀ

ਵਿਭਾਗੀ ਪੱਤਰ ਨੰ: ਪੀ ਐਸ ਬੀ ਆਈ ਟੀ /1630 ਮਿਤੀ 16.8 .2017 ਹਵਾਲਾ ਅਧੀਨ

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦਾ ਉਦੇਸ਼ ਵਿਦਿਆਰਥੀ ਵਰਗ ਵਿਚ ਵਿਗਿਆਨਕ ਸੋਚ ਪੈਦਾ ਕਰਨ ਦੇ ਨਾਲ-ਨਾਲ ਨੌਜਵਾਨ ਵਰਗ ਨੂੰ ਵਿਗਿਆਨ ਤੇ ਤਕਨਲੌਜੀ ਦੇ ਖੇਤਰ ਵੱਲ ਉਤਸ਼ਾਹਿਤ ਕਰਨ ਹੈ ਤਾਂ ਜੋ ਉਹ ਇਸ ਖੇਤਰ ਵਿਚ ਆਪਣਾ ਕੈਰੀਅਰ ਬਣਾਉਣ।

ਤਕਨੀਕਨੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਵਿਦਿਆਰਥੀਆਂ ਲਈ ਤਾਂ ਸਾਇੰਸ ਸਿਟੀ ਵਿਜ਼ਿਟ ਬਹੁਤ ਜ਼ਰੂਰੀ ਹੈ, ਕਿਉਂ ਕਿ ਸਾਇੰਸ ਸਿਟੀ ਦੇ ਹਰੇਕ ਪ੍ਰਦਰਸ਼ਨੀ ਤਕਨੀਕੀ ਮੁਹਾਰਤ ਦਾ ਮੁਜਾਹਰਾ ਕਰਦੀ ਹੈ। ਇਸ ਕਰਕੇ ਕੋਈ ਅਜਿਹਾ ਉਪਰਾਲਾ ਜ਼ਰੂਰ ਕੀਤਾ ਜਾਵੇ, ਜਿਸ ਨਾਲ ਸਾਲ ਵਿਚ ਹਰੇਕ ਵਿਦਿਆਰਥੀ ਸਾਇੰਸ ਸਿਟੀ ਵਿਖੇ ਇਕ ਵਾਰ ਜ਼ਰੂਰ ਵਿਜ਼ਿਟ ਕਰੇ।

ਸਾਇੰਸ ਸਿਟੀ ਦੀ ਪੈਕਿਜ ਟਿਕਟ ਵਿਦਿਆਰਥੀਆਂ ਲਈ 190 ਰੁਪਏ ਅਤੇ ਆਮ ਵਿਅਕਤੀ ਲਈ 310 ਰੁਪਏ ਹੈ। ਜੇਕਰ 25 ਵਿਦਿਆਰਥੀਆਂ ਦਾ ਕੋਈ ਗਰੁੱਪ ਆਉਂਦਾ ਹੈ ਤਾਂ ਟਿਕਟ 180 ਰੁਪਏ ਪ੍ਰਤੀ ਵਿਦਿਆਰਥੀ ਲੱਗੇਗੀ। ਇਸ ਤੋਂ ਇਲਾਵਾ 25 ਵਿਦਿਆਰਥੀਆਂ ਨਾਲ ਅਧਿਅਪਕ ਦੀ ਇਕ ਟਿਕਟ 'ਤੇ ਛੋਟ ਦਿੱਤੀ ਜਾਂਦੀ ਹੈ।

ਆਪ ਜੀ ਦੀ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

Fresh Receipt Secretary PSBTE&IT

(ਸ਼ੀਰਾਜ ਬਾਤਿਸ਼)
ਡਿਪਟੀ ਜਨਰਲ ਮੈਨੇਜਰ

963

D.No 8963 Date 28/8/17